2025-28000


**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਪੰਜਾਬ**

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।

ਫੋਨ ਨੰ:0172-5212345/349,ਈ-ਮੇਲ: rmsa civilworks@punjabeducation.gov.in


ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ।

ਮੀਮੋ ਨੰ. Samagra/Smartschool/836839/2024-25/ 202536122
ਮਿਤੀ: 06.02.2025

ਵਿਸ਼ਾ:- **PM Shri 2024-25 ਸਕੀਮ ਅਧੀਨ ਪ੍ਰਵਾਨਤ ਗਤੀਵਿਧੀਆਂ ਸਬੰਧੀ।**

**1.0** ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ ।

**2.0** PM Shri ਸਾਲ 2024-25 ਅਧੀਨ 233 ਸਕੂਲਾਂ ਵਿੱਚ Green School ਹੈੱਡ ਅਧੀਨ ਰਾਸ਼ੀ ਮਨਜ਼ੂਰ ਕੀਤੀ ਗਈ ਹੈ ਜਿਸ ਦਾ ਜਿਲ੍ਹਾ ਵਾਇਜ਼ ਵੇਰਵਾ ਹੇਠ ਅਨੁਸਾਰ ਹੈ ਅਤੇ ਸਕੂਲ ਵਾਇਜ਼ ਵੇਰਵਾ ਨਾਲ ਨੱਥੀ ਹੈ:

| Sr. No. | District | Colorful Dustbins | | Expert Talks | Field Visit | Organize Swachhta Pakhwada clean up drives | Grand Total (Rs. In lac) |
|---|---|---|---|---|---|---|---|
| | | No. of Schools | Total Amount in lacs (@ Rs. 5000 per school) | Total Amount Rs. In lac (@ Rs. 5000 per school) | Total Amount (Rs. In lac)(@ Rs. 5000 per school) | Total Amount (Rs. In lac) (@ Rs. 10000 per school) | |
| 1 | AMRITSAR | 14 | 0.7 | 0.7 | 0.7 | 1.4 | 3.5 |
| 2 | BARNALA | 6 | 0.3 | 0.3 | 0.3 | 0.6 | 1.5 |
| 3 | BATHINDA | 17 | 0.85 | 0.85 | 0.85 | 1.7 | 4.25 |
| 4 | FARIDKOT | 6 | 0.3 | 0.3 | 0.3 | 0.6 | 1.5 |
| 5 | FATEHGARH SAHIB | 5 | 0.25 | 0.25 | 0.25 | 0.5 | 1.25 |
| 6 | FAZILKA | 8 | 0.4 | 0.4 | 0.4 | 0.8 | 2 |
| 7 | FEROZEPUR | 10 | 0.5 | 0.5 | 0.5 | 1 | 2.5 |
| 8 | GURDASPUR | 17 | 0.85 | 0.85 | 0.85 | 1.7 | 4.25 |
| 9 | HOSHIARPUR | 14 | 0.7 | 0.7 | 0.7 | 1.4 | 3.5 |
| 10 | JALANDHAR | 15 | 0.75 | 0.75 | 0.75 | 1.5 | 3.75 |
| 11 | KAPURTHALA | 5 | 0.25 | 0.25 | 0.25 | 0.5 | 1.25 |
| 12 | LUDHIANA | 15 | 0.75 | 0.75 | 0.75 | 1.5 | 3.75 |
| 13 | MALERKOTLA | 6 | 0.3 | 0.3 | 0.3 | 0.6 | 1.5 |
| 14 | MANSA | 9 | 0.45 | 0.45 | 0.45 | 0.9 | 2.25 |
| 15 | MOGA | 10 | 0.5 | 0.5 | 0.5 | 1 | 2.5 |
| 16 | PATHANKOT | 8 | 0.4 | 0.4 | 0.4 | 0.8 | 2 |
| 17 | PATIALA | 17 | 0.85 | 0.85 | 0.85 | 1.7 | 4.25 |
| 18 | RUPNAGAR | 5 | 0.25 | 0.25 | 0.25 | 0.5 | 1.25 |
| 19 | S.A.S Nagar | 10 | 0.5 | 0.5 | 0.5 | 1 | 2.5 |
| 20 | SANGRUR | 14 | 0.7 | 0.7 | 0.7 | 1.4 | 3.5 |
| 21 | SBS Nagar | 5 | 0.25 | 0.25 | 0.25 | 0.5 | 1.25 |
| 22 | SRI MUKTSAR SAHIB | 7 | 0.35 | 0.35 | 0.35 | 0.7 | 1.75 |
| 23 | Tarn Taran | 10 | 0.5 | 0.5 | 0.5 | 1 | 2.5 |
| | Total | 233 | 11.65 | 11.65 | 11.65 | 23.3 | 58.25 |

3.0 ਵਿਦਿਆਰਥੀਆਂ ਨੂੰ ਵਾਤਾਵਰਨ ਦੀ ਮਹੱਤਤਾ ਬਾਰੇ ਜਾਗਰੂਕ ਕਰਨ, ਪਲਾਸਟਿਕ ਦੀ ਵਰਤੋਂ ਘਟਾਉਣ, waste segregation, waste re-cycling, composting ਨੂੰ ਉਤਸ਼ਾਹਿਤ ਕਰਨ, clean & green environment, water conservation, healthy life style ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ PM Shri ਸਕੀਮ 2024-25 ਅਧੀਨ ਉਲੀਕ ਸਕੂਲਾਂ ਵਿੱਚ ਵਾਤਾਵਰਨੀ ਗਤੀਵਿਧੀਆਂ ਲਈ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ। ਗਤੀਵਿਧੀਆਂ ਨੂੰ ਕਰਵਾਉਣ ਸਬੰਧੀ ਦਿਸ਼ਾ- ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ.

**(1) Colorful Dustbins in schools**

- ਸਕੂਲਾਂ ਵਿੱਚ segregated waste ਇਕੱਠਾ ਕਰਨ ਲਈ ਹਰੇ ਅਤੇ ਨੀਲੇ ਰੰਗ ਦੇ 02 dustbins ਦੀ ਖਰੀਦ ਜਿਨ੍ਹਾਂ ਦਾ ਸਾਈਜ਼ ਘੱਟੋ ਘੱਟ 47 cm length, 55 cm width, and 95 cm height ਹੋਵੇ।
- wet waste (ਗਿੱਲੇ ਕੂੜੇ) ਲਈ ਹਰਾ dustbin ਅਤੇ dry waste (ਸੁੱਕਾ ਕੂੜਾ) ਲਈ ਨੀਲਾ dustbin ਵਰਤਿਆ ਜਾਵੇ।
- ਦੋਵੇਂ dustbins ਉੱਤੇ ਪੇਂਟ ਨਾਲ ਗਿੱਲਾ ਅਤੇ ਸੁੱਕਾ ਕੂੜਾ ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਵਿੱਚ ਆਕਰਸ਼ਕ ਰੰਗ ਨਾਲ ਲਿਖਿਆ ਜਾਵੇ।
- ਸਕੂਲਾਂ ਵਿੱਚ ਇਹ dustbin ਅਜਿਹੀਆਂ ਥਾਵਾਂ ਤੇ ਰੱਖੇ ਜਾਣ, ਜਿੱਥੇ ਇਸ ਦੀ ਵਰਤੋਂ ਵਿਦਿਆਰਥੀਆਂ ਅਤੇ ਸਕੂਲ ਸਟਾਫ ਵੱਲੋਂ ਆਸਾਨੀ ਨਾਲ ਕੀਤੀ ਜਾ ਸਕੇ।
- ਇਨ੍ਹਾਂ dustbins ਉੱਤੇ educational slogans ਜਿਵੇਂ ਕਿ "Keep Your School Clean" and "Say No to Plastic" ਲਿਖੇ ਜਾਣ।
- ਹਰੇ ਰੰਗ ਦੇ dustbin ਵਿੱਚ Food scraps, vegetable peels, leaves, tea bags ਆਦਿ ਸੁੱਟੇ ਜਾਣ। ਇਸੇ ਤਰ੍ਹਾਂ ਨੀਲੇ ਰੰਗ ਦੇ dustbin ਵਿੱਚ Paper, plastic bottles, glass, metal cans ਆਦਿ ਸੁੱਟੇ ਜਾਣ।
- ਗਿੱਲੇ ਕੂੜੇ ਅਤੇ ਸੁੱਕੇ ਕੂੜੇ ਨੂੰ re-cycle ਕਰਕੇ ਵਰਤੋਂ ਵਿੱਚ ਲਿਆਂਦਾ ਜਾਵੇ।
- Dustbins ਨੂੰ ਰੈਗੂਲਰ ਤੌਰ ਤੇ ਸਾਫ ਕੀਤਾ ਜਾਵੇ ਤਾਂ ਜੋ ਇਸ ਵਿੱਚ ਕੋਈ ਬਦਬੂ ਨਾ ਆਵੇ ਅਤੇ ਕੀੜੇ ਆਦਿ ਪੈਦਾ ਨਾ ਹੋਣ।
- ਸਕੂਲਾਂ ਵਿੱਚ ਬਣਾਏ ਗਏ youth and Eco Club ਰਾਹੀਂ ਵਿਦਿਆਰਥੀਆਂ ਨੂੰ dustbin ਦੀ ਸਹੀ ਵਰਤੋਂ ਸਬੰਧੀ sensitize ਕੀਤਾ ਜਾਵੇ।
- ਵਿਦਿਆਰਥੀਆਂ ਨੂੰ proper waste disposal ਸਬੰਧੀ ਜਾਗਰੂਕ ਕਰਨ ਲਈ awareness drives ਚਲਾਈ ਜਾਵੇ।

**(2) Expert Talks**

- ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਵਾਤਾਵਰਨ ਸੁਰੱਖਿਆ, waste management, water conservation, climate change ਅਤੇ **practical solutions** ਸਬੰਧੀ ਜਾਗਰੂਕ ਕਰਨ ਲਈ ਵਿਸ਼ੇਸ਼ ਮਾਹਿਰਾਂ ਨੂੰ ਸਕੂਲਾਂ ਵਿੱਚ ਬੁਲਾਇਆ ਜਾਵੇ ।
- ਸਕੂਲਾਂ ਵਿੱਚ **Expert Talks** ਕਰਵਾਉਣ ਲਈ ਵਿਦਿਆਰਥੀਆਂ ਦੀ ਉਮਰ ਅਤੇ ਕਲਾਸ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਵਿੱਚ Eco Clubs ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸ਼ਾਮਿਲ ਕੀਤਾ ਜਾਵੇ।
- Renewable energy experts ਨੂੰ ਬੁਲਾ ਕੇ ਵਿਦਿਆਰਥੀਆਂ ਨੂੰ solar energy, wind energy & other renewable sources ਸਬੰਧੀ ਜਾਣਕਾਰੀ ਦਿੱਤੀ ਜਾਵੇ।
- ਸਕੂਲਾਂ ਵਿੱਚ ਵੱਖ ਵੱਖ ਵਿਭਾਗਾਂ ਦੇ ਨੁਮਾਇੰਦੇ ਜਿਵੇਂ ਕਿ Local Government Officers (municipal waste management ਅਫ਼ਸਰਾਂ) ਨੂੰ ਬੁਲਾ ਕੇ Waste management ਜਿਵੇਂ ਕਿ waste segregation,

composting, E-waste & plastic waste management ਨੂੰ ਬੁਲਾ ਕੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇ।

- Pollution control, Climate change, Tree Plantation, 3R campaign (Reduce, Reuse, Recycle), Bio-diversity, water recycling techniques ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ Environment Experts ਬੁਲਾਏ ਜਾ ਸਕਦੇ ਹਨ।
- ਉੱਕਤ ਗਤੀਵਿਧੀਆਂ ਲਈ ਸਕੂਲਾਂ ਵਿੱਚ ਵਿਸ਼ੇਸ਼ ਮਾਹਿਰਾਂ ਨੂੰ ਬੁਲਾਉਣ ਸਮੇਂ ਸਕੂਲ ਮੈਨੇਜਮੈਂਟ ਕਮੇਟੀ ਦੀ ਸ਼ਮੂਲੀਅਤ ਦੀ ਯਕੀਨੀ ਬਣਾਈ ਜਾਵੇ।
- ਵਿਸ਼ੇਸ਼ ਮਾਹਿਰਾਂ ਦੁਆਰਾ ਵੱਖ ਵੱਖ ਵਿਸ਼ਿਆਂ ਤੇ ਦਿੱਤੀ ਜਾਣ ਵਾਲੀ ਜਾਣਕਾਰੀ ਦੌਰਾਨ ਵਿਦਿਆਰਥੀਆਂ ਵੱਲੋਂ active participation ਅਤੇ ਉਨ੍ਹਾਂ ਵੱਲੋਂ raise ਕੀਤੀਆਂ ਗਈਆਂ quaries ਦਾ reply ਦੇਣਾ ਯਕੀਨੀ ਬਣਾਇਆ ਜਾਵੇ।
- ਸਕੂਲ ਵਿੱਚ ਵੱਖ ਵੱਖ ਵਿਸ਼ਿਆਂ ਤੇ ਕਰਵਾਈ ਗਈ expert talks ਦਾ online feedback performa ਵਿਦਿਆਰਥੀਆਂ ਤੋਂ ਭਰਵਾਇਆ ਜਾਵੇ ਅਤੇ ਉਸ ਦਾ ਰਿਕਾਰਡ ਰੱਖਿਆ ਜਾਵੇ।

(3) **Field Visit**

- ਸਾਈਟ ਵਿਜਿਟ ਵਿਦਿਆਰਥੀਆਂ ਨੂੰ ਪ੍ਰਕਿਰਤੀ ਅਤੇ ਵਾਤਾਵਰਣ ਨਾਲ ਸਿੱਧਾ ਸੰਪਰਕ ਕਰਨ ਦਾ ਮੌਕਾ ਦਿੰਦੇ ਹਨ। ਇਹ ਸਿੱਖਣ ਦੇ ਅਨੁਭਵ ਨੂੰ ਵਧਾਉਂਦੇ ਹਨ ਅਤੇ ਵਿਦਿਆਰਥੀਆਂ ਨੂੰ ਕੁਦਰਤ ਦੀ ਮਹੱਤਤਾ ਅਤੇ ਉਸਦੀ ਸੁਰੱਖਿਆ ਬਾਰੇ ਸੰਵੇਦਨਸ਼ੀਲ ਬਣਾਉਂਦੇ ਹਨ। ਇਹ ਸਿੱਖਣ ਦੀ ਪ੍ਰਕ੍ਰਿਆ ਨੂੰ ਜਿਆਦਾ ਪ੍ਰਭਾਵਸ਼ਾਲੀ ਅਤੇ ਰੁਚੀਕਰ ਬਣਾਉਂਦੇ ਹਨ।
- ਵਿਦਿਆਰਥੀਆਂ ਨੂੰ ਪਰਿਆਵਰਨ ਨਾਲ ਜੋੜਨ, Waste segregation ਨੂੰ promote ਕਰਨ, ਵਿਦਿਆਰਥੀਆਂ ਵਿੱਚ ਨਵੇਂ ਵਿਚਾਰ ਸਿਰਜਣ ਅਤੇ ਵਾਤਾਵਰਨ ਪ੍ਰਤੀ ਜਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਦੇ ਮਕਸਦ ਨਾਲ ਫੀਲਡ ਵਿਜ਼ਿਟ ਕਰਵਾਈਆਂ ਜਾਣ।
- ਵਿਦਿਆਰਥੀਆਂ ਦੀ ਉਮਰ ਅਤੇ ਪਾਠਕ੍ਰਮ ਦੀ ਚੋਣ ਮੁਤਾਬਿਕ ਵਿਜ਼ਿਟ ਕਰਵਾਉਣ ਲਈ ਉਚਿਤ ਥਾਵਾਂ ਦੀ ਚੋਣ ਕੀਤੀ ਜਾਵੇ।
- ਵਿਦਿਆਰਥੀਆਂ ਨੂੰ local area ਵਿੱਚ ਪੈਂਦੇ **Botanical Garden, Krishi Vigyan Kendra, Dairy Plant, Organic Farm,** Rivers & Water Conservation Sites, **Biogas & Solar Power Plants ਆਦਿ ਥਾਵਾਂ ਦੀ ਵਿਜ਼ਿਟ ਕਰਵਾਈ ਜਾਵੇ।**
- **Plastic Recycling Unit, E-Waste Recycling Center,** Environmental Institutions & Research Centers, **Green Theme Parks, Nature Museum, Biological & Ecological Conservation Sites, Water-Charging Stations and Eco-Tourism Sites, ਆਦਿ ਦੀ ਵੀ ਵਿਜ਼ਿਟ ਕਰਵਾਈ ਜਾ ਸਕਦੀ ਹੈ।**
- ਵਿਦਿਆਰਥੀਆਂ ਨੂੰ field visit ਕਰਵਾਉਣ ਤੋਂ ਪਹਿਲਾਂ ਉਸ ਜਗ੍ਹਾ ਬਾਰੇ ਜਾਣਕਾਰੀ ਦਿੱਤੀ ਜਾਵੇ।
- ਵਿਦਿਆਰਥੀਆਂ ਨੂੰ field visit ਦੌਰਾਨ ਇੱਕ ਨੋਟਬੁੱਕ, ਪੈੱਨ, ਆਦਿ ਨਾਲ ਲੈ ਕੇ ਜਾਣ ਅਤੇ ਵਿਜ਼ਿਟ ਕੀਤੀ ਸਾਈਟ ਸਬੰਧੀ ਆਪਣੀ ਫੀਡਬੈਕ ਦਰਜ਼ ਕਰਨ ਲਈ ਕਿਹਾ ਜਾਵੇ। ਜਿਸ ਦਾ ਰਿਕਾਰਡ ਸਕੂਲ ਵਿੱਚ ਰੱਖਿਆ ਜਾਵੇ।

(4) **Swachhta Pakhwada clean up drives**

- ਵਿਦਿਆਰਥੀਆਂ ਵਿੱਚ ਸਾਫ ਸਫਾਈ ਦੀ ਆਦਤ ਨੂੰ promote ਕਰਨ ਦੇ ਮਕਸਦ ਨਾਲ ਸਕੂਲਾਂ ਵਿੱਚ Swachhta Pakhwada clean up drives ਚਲਾਈ ਜਾਵੇ। ਜਿਸ ਤਹਿਤ ਹੇਠ ਲਿਖੀਆਂ ਗਤੀਵਿਧੀਆਂ ਕਰਵਾਈਆਂ ਜਾਣ:

- ਸਕੂਲ ਵਿੱਚ ਸਵੱਛਤਾ ਦਿਵਸ ਮਨਾਇਆ ਜਾਵੇ, ਜਿਸ ਵਿੱਚ ਮਾਪੇ, ਅਧਿਆਪਕਾਂ, ਸਕੂਲ ਮੈਨੇਜਮੈਂਟ ਕਮੇਟੀ, ਲੋਕਲ ਸਮੁਦਾਇ ਨੂੰ ਸ਼ਾਮਿਲ ਕਰਕੇ ਵਿਦਿਆਰਥੀਆਂ ਨੂੰ ਸਵੱਛਤਾ ਦੀ ਮਹੱਤਤਾ ਅਤੇ ਆਪਣੇ ਆਲੇ ਦੁਆਲੇ ਦੀ ਸਫਾਈ ਬਾਰੇ ਜਾਗਰੂਕ ਕੀਤਾ ਜਾਵੇ।
- ਵਿਦਿਆਰਥੀਆਂ ਨੂੰ ਸਵੱਛਤਾ ਅਤੇ hygiene ਬਾਰੇ ਜਾਣਕਾਰੀ ਦੇਣ ਲਈ ਵਿਸ਼ੇਸ਼ ਸੈਸ਼ਨਾਂ ਦਾ ਆਯੋਜਨ ਕੀਤਾ ਜਾਵੇ। ਇਨ੍ਹਾਂ ਸੈਸ਼ਨਾਂ ਵਿਚ ਉਹਨਾਂ ਨੂੰ ਸਹੀ ਤਰੀਕੇ ਨਾਲ ਹੱਥ ਧੋਣ, ਪਾਣੀ ਬਚਾਉਣ, ਅਤੇ ਆਲੇ-ਦੁਆਲੇ ਦੀ ਸਫਾਈ ਰੱਖਣ ਬਾਰੇ ਸਿਖਾਇਆ ਜਾਵੇ।
- ਵਿਦਿਆਰਥੀਆਂ ਨੂੰ ਪਾਣੀ ਦੀ ਕਮੀ ਅਤੇ ਉਸਦੀ ਮਹੱਤਤਾ ਸਬੰਧੀ ਜਾਗਰੂਕ ਕਰਦੇ ਹੋਏ ਪਾਣੀ ਦੀ ਸਾਂਭ-ਸੰਭਾਲ ਜਿਵੇਂ ਕਿ ਟੂਟੀਆਂ ਅਤੇ ਨਲਕਿਆਂ ਦੀ ਲੀਕੇਜ ਨੂੰ ਠੀਕ ਕਰਨਾ, ਪਾਣੀ ਦੀ wastage ਨੂੰ ਰੋਕਣ ਲਈ ਖੁੱਲੀਆਂ ਟੂਟੀਆਂ ਨੂੰ ਬੰਦ ਕਰਨਾ ਆਦਿ ਸੰਬੰਧੀ ਐਕਟੀਵਿਟੀਜ਼ ਪਲਾਨ ਕਰਕੇ ਕਰਵਾਈਆਂ ਜਾਣ।
- ਲੜਕੇ ਅਤੇ ਲੜਕੀਆਂ ਦੇ ਟੁਆਲਿਟਸ ਵਿੱਚ soap dispenser ਰੱਖੇ ਜਾਣ ਅਤੇ ਟੁਆਲਿਟਸ ਦੀ ਸਾਫ ਸਫਾਈ ਲਈ disinfecting liquids ਦੀ ਵਰਤੋਂ ਕੀਤੀ ਜਾਵੇ।
- ਸਕੂਲ ਕੈਂਪਸ ਅਤੇ ਕਲਾਸਰੂਮਜ਼ ਦੀ ਸਾਫ ਸਫਾਈ ਲਈ dustbins ਦੀ ਵਰਤੋਂ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਆ ਜਾਵੇ।
- ਸਕੂਲ ਵਿੱਚ ਸਵੱਛਤਾ ਨਾਲ ਸੰਬੰਧਤ ਵੱਖ ਵੱਖ ਪ੍ਰਤੀਯੋਗਿਤਾਵਾਂ ਜਿਵੇਂ ਕਿ ਪੋਸਟਰ ਮੇਕਿੰਗ, ਭਾਸ਼ਣ ਅਤੇ ਕਵਿਤਾ ਪ੍ਰਤੀਯੋਗਿਤਾ, ਨੁਕੜ ਨਾਟਕ, slogan writing ਆਦਿ ਕਰਵਾਈਆਂ ਜਾਣ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇ। ਇਨ੍ਹਾਂ ਪ੍ਰਤੀਯੋਗਿਤਾਵਾਂ ਵਿੱਚ ਲੋਕਲ ਸਮੁਦਾਇ, ਸਕੂਲ ਮੈਨੇਜਮੈਂਟ ਕਮੇਟੀ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ।
- ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਰਾਸ਼ੀ ਦਾ ਖਰਚਾ ਵਿੱਤੀ ਨਿਯਮਾਂ ਅਨੁਸਾਰ ਕਰਨਾ ਯਕੀਨੀ ਬਣਾਇਆ ਜਾਵੇ।
- ਸਟਾਕ ਰਜਿਸਟਰ ਵਿੱਚ ਸਾਰੇ ਸਮਾਨ ਦੇ ਰਿਕਾਰਡ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ।

7.0 ਉੱਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

-ਸਹੀ-
ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ. PM Shri/Smartschools/836839/2024-25/ ਉੱਕਤ    ਮਿਤੀ: 06.02.2025

ਉਕਤ ਦਾ ਉਤਾਰਾ:

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ।
2. ਸੰਬੰਧਤ ਡੀ.ਐੱਸ.ਐੱਮ ਸਮਾਰਟ ਸਕੂਲ।

6/2/25

ਸਹਾਇਕ ਸਟੇਟ ਪ੍ਰੋਜੈਕਟ ਡਾਇਰੈਕਟਰ, ਪੰਜਾਬ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ।
ਪਿੱਠ ਅੰਕਣ ਨੰ. ਕ-6/2025/4134    ਮਿਤੀ 07-02-2025
ਉਪਰੋਕਤ ਅਨੁਸਾਰ ਪੱਤਰ ਦਾ ਉਤਾਰਾ ਪ੍ਰਿੰ. ਪੀ.ਐਮ. ਸ੍ਰੀ ਸਕੂਲ ਬਠਿੰਡਾ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

07/02/25

ਉਪ- ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ
07/02/2025

| S.No | District Name | Udise Code | School Name |
|---|---|---|---|
| 1 | AMRITSAR | 3020108202 | GHS JAGDEV KHURD |
| 2 | AMRITSAR | 3020100104 | GSSS AJNALA GIRLS |
| 3 | AMRITSAR | 3020812802 | GSSS WADALI GURU |
| 4 | AMRITSAR | 3020402402 | GSSS CHABBA |
| 5 | AMRITSAR | 3020207902 | GSSS Bhillowal Pacca |
| 6 | AMRITSAR | 3020303102 | COMRADE ACHHAR SINGH CHHINA GSSS HARSA CHHINA |
| 7 | AMRITSAR | 3020405602 | GSSS WADALA JOHAL |
| 8 | AMRITSAR | 3020404002 | GSSS JANDIALA GURU BOYS |
| 9 | AMRITSAR | 3020504903 | GSSS NAG KALAN |
| 10 | AMRITSAR | 3020500502 | GSSS MAJITHA |
| 11 | AMRITSAR | 3020111602 | GSSS RAMDAS |
| 12 | AMRITSAR | 3020600803 | GSSS BEAS |
| 13 | AMRITSAR | 3020702402 | GSSS TARSIKKA |
| 14 | AMRITSAR | 3020807002 | GSSS BAL KALAN |
| 15 | BARNALA | 3200104402 | GSSS PHARWAHI NABARD |
| 16 | BARNALA | 3200110604 | GHS JUMLA MALKAN RMSA |
| 17 | BARNALA | 3200305403 | GSSS BHADAUR GIRL |
| 18 | BARNALA | 3200200802 | GSSS CHHAPA |
| 19 | BARNALA | 3200303402 | GSSS MAURAN |
| 20 | BARNALA | 3200306905 | GSSS TAPA BOYS |
| 21 | BATHINDA | 3140111303 | GSSS BEER TALAB BASTI IV V |

| | | | |
|---|---|---|---|
| 22 | BATHINDA | 3140103602 | GSSS SANJAY NAGAR BATHINDA (RMSA) |
| 23 | BATHINDA | 3140404501 | GSSS BHUCHO MANDI Boys |
| 24 | BATHINDA | 3140110201 | GSSS MEHMA SARJA |
| 25 | BATHINDA | 3140106701 | GSSS GONIANA Girls |
| 26 | BATHINDA | 3140305501 | GSSS KOT FATTA |
| 27 | BATHINDA | 3140202003 | GHS G KOTHA GURU |
| 28 | BATHINDA | 3140300301 | GHS BHAI BAKHTAUR RMSA |
| 29 | BATHINDA | 3140304603 | GSSS MAUR MANDI Girls |
| 30 | BATHINDA | 3140502101 | GSSS PATTI KALA MEHRAJ Boys |
| 31 | BATHINDA | 3140401602 | GSSS GOBINDPURA |
| 32 | BATHINDA | 3140402912 | GHS NATHANA Girls |
| 33 | BATHINDA | 3140600501 | GHS BHUNDAR |
| 34 | BATHINDA | 3140601601 | GHS JEOND |
| 35 | BATHINDA | 3140504001 | GSSS RAMPURA MANDI Girls |
| 36 | BATHINDA | 3140704002 | SHAHEED LABH SINGH GSSS SEKHU |
| 37 | BATHINDA | 3140801702 | GHS KAILE WANDER (RMSA) |
| 38 | FARIDKOT | 3130105903 | GSSS GOLEWALA |
| 39 | FARIDKOT | 3130103802 | GSSSG FDK |
| 40 | FARIDKOT | 3130202503 | GHS DOAD |
| 41 | FARIDKOT | 3130203603 | GSSS G JAITU |
| 42 | FARIDKOT | 3130212003 | GSSS SANDHWAN |
| 43 | FARIDKOT | 3130209402 | GHS SURGAPURI KKP |